# ਨਮਸਤੋ

ਉਮਰਬੀਰ ਸਿੰਘ



# ਨਮਸਤੰਗ

ਉਮਰਬੀਰ ਸਿੰਘ

***NAMSTANG*** (Prose & Poetry)

*By* Umarbir Singh

Email: umarbirsingh98@gmail.com

*Published By*

**RETHINK BOOKS**

Vill. Fatehgarh Chhanna

P.O. Deh-Kalan

Teh./Distt. Sangrur-148034

Email: info@rethinkbooks.net

Sub-Office: 28A, Nilothi Ext.,

Vikaspuri Ext., Chandar Vihar,

New Delhi-110041

© Publisher

YEAR: 2025

ISBN: 978-93-48092-83-0

Printed in India

ਇਸ ਕਿਤਾਬ ਦੇ ਸਾਰੇ ਹੱਕ ਰਾਖਵੇਂ ਹਨ. ਇਸ ਲਈ ਇਸ ਨੂੰ ਬਗ਼ੈਰ ਪ੍ਰਕਾਸ਼ਕ ਦੀ ਲਿਖ਼ਤੀ ਆਗਿਆ ਦੇ ਕਿਸੇ ਵੀ ਤਰੀਕੇ ਨਾਲ (ਫ਼ੋਟੋਕਾਪੀ, ਆਡੀਓ ਬੁੱਕ ਜਾਂ ਪੀ.ਡੀ.ਐੱਫ. ਬਣਾਉਣਾ, ਆਦਿ) ਆਪਣੇ ਕੋਲ ਸੰਭਾਲ ਕੇ ਰੱਖਣ ਵਾਲੇ ਵਿਅਕਤੀ ਖ਼ਿਲਾਫ਼ ਬਾਕਾਇਦਾ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਮੈਂ ਆਪਣੇ ਹਿੱਸੇ ਦਾ ਨਹੀਂ, ਤੇਰੇ ਹਿੱਸੇ ਦਾ ਦੁੱਖ ਇਕੱਠਾ ਕਰਕੇ ਇੱਕ ਅਜਿਹੀ ਦੈਵੀ ਰੌਸ਼ਨੀ ਬਣਾਵਾਂਗਾ ਕਿ ਦੇਵਤੇ ਰਸ਼ਕ ਕਰਨਗੇ।

ਤੂੰ ਇਹ ਕਿਉਂ ਕਰੇਂਗਾ?

ਤੇਰੇ ਦੁੱਖ ਇਸ ਕਦਰ ਇਲਾਹੀ ਹਨ, ਪਾਕ ਹਨ ਕਿ ਉਨ੍ਹਾਂ ਦੀ ਰੌਸ਼ਨੀ ਦੇਵਤਿਆਂ ਨੂੰ ਮਜਬੂਰ ਕਰੇਗੀ ਕਿ ਉਹ ਧਰਤੀ 'ਤੇ ਕਿਸੇ ਨੂੰ ਭੇਜਣ ਤੇ ਇਸ ਰੌਸ਼ਨੀ ਵਿੱਚੋਂ ਹਾਸਲ ਹੋਏ ਗਿਆਨ ਨੂੰ ਲਿਖਵਾਉਣ।

ਮੈਂ ਨਹੀਂ ਚਾਹੁੰਦੀ ਦੇਵਤੇ ਕਿਸੇ ਹੋਰ ਨੂੰ ਭੇਜਣ।

ਤਾਂ ਫਿਰ?

ਤੂੰ ਉਹੀ ਗ੍ਰੰਥ ਹੈਂ ਜੋ ਦੇਵਤੇ ਲਿਖਵਾਉਣਾ ਚਾਹੁੰਦੇ ਹਨ ਤੇ ਤੂੰ ਉਹੀ ਗਿਆਨ ਹੈਂ ਜੋ ਦੇਵਤੇ ਲਿਖਵਾਉਣਗੇ।

# ਤਤਕਰਾ


| | |
|---|---|
| ਭੂਮਿਕਾ | 5 |
| ਦੋ ਸ਼ਬਦ | 8 |
| ਅਧਿਆਤਮਿਕ ਆਤਮਘਾਤ | 10 |
| ਰਬਾਬ | 34 |
| ਰਾਤ ਦਾ ਪਹਿਲਾ ਪਹਿਰ | 43 |
| ਛਾਡਿ ਮਨ ਹਰਿ ਬਿਮੁਖਨ ਕੋ ਸੰਗੁ॥ | 75 |
| ਗੁਰੂ ਗੋਬਿੰਦ ਸਿੰਘ ਰਚਿਤ ਜ਼ਫ਼ਰਨਾਮਾ ਵਿੱਚੋਂ ਮਨੁੱਖੀ ਕਿਰਦਾਰ ਦੀ ਤਸਵੀਰ | 85 |
| ਪੁਰਾਤਨ ਰੋਮਨ ਦੰਤ ਕਥਾ | 102 |
| ਆਤਮਾ ਦਾ ਕਾਵਿਕ ਨਿਆਂ | 114 |
| ਬਲਿਹਾਰੀ ਕੁਦਰਤ ਵਸਿਆ | 130 |
| ਭੁੱਖ | 136 |

# ਭੂਮਿਕਾ

ਉਮਰਬੀਰ ਸਿੰਘ ਨੂੰ ਮੈਂ ਬੀਤੇ ਕੁਝ ਸਾਲਾਂ ਤੋਂ ਜਾਣਨ ਲੱਗਿਆ ਹਾਂ ਤੇ ਮੇਰੇ ਸਨਮੁੱਖ ਉਸ ਦੀ ਸ਼ਖ਼ਸੀਅਤ ਇਕ ਗੰਭੀਰ ਪਾਠਕ ਦੀ ਬਣ ਗਈ ਹੋਈ ਹੈ। ਉਸ ਦਾ ਪਠਨ ਖੇਤਰ ਗੰਭੀਰ ਅਧਿਆਤਮਕ ਅਤੇ ਰਹੱਸਵਾਦੀ ਸਾਹਿਤ ਹੈ, ਜਿਸ ਵਿਚ ਫ਼ਾਰਸੀ ਦੇ ਸ੍ਰੋਤ ਸ਼ਾਮਲ ਹਨ। ਖ਼ੁਸ਼ੀ ਹੁੰਦੀ ਜਦੋਂ ਉਹ ਈਰਾਨੀ ਦਾਨਿਸ਼ਵਰਾਂ ਅਤੇ ਸ਼ਾਇਰਾਂ ਦਾ ਜ਼ਿਕਰ ਗਾਹੇ ਬਗਾਹੇ ਕਰਦਾ।

ਹੁਣ ਉਸ ਦੀ 'ਨਮਸਤੰ' ਸਿਰਲੇਖ ਹੇਠ ਛੋਟੇ ਆਕਾਰ ਦੀ ਕਿਤਾਬ ਤਿਆਰ ਹੋਈ ਹੈ, ਜਿਸ ਵਿਚ ਅੱਠ ਲੇਖ ਹਨ, ਅਧਿਆਤਮਿਕ ਆਤਮਘਾਤ, ਰਬਾਬ, ਰਾਤ ਦੇ ਚਾਰ ਪਹਿਰ, ਛਾਡਿ ਮਨ ਹਰਿ ਬਿਮੁਖਨ ਕੋ ਸੰਗੁ, ਜ਼ਫ਼ਰਨਾਮਾ, ਪੁਰਾਤਨ ਰੋਮਨ ਦੰਤ ਕਥਾ, ਆਤਮਾ ਦਾ ਕਾਵਿਕ ਨਿਆਂ ਅਤੇ ਬਲਿਹਾਰੀ ਕੁਦਰਤ

ਵਸਿਆ। ਇਹ ਸਾਰੇ ਲੇਖ ਕਾਵਿ ਰਸ ਪ੍ਰਦਾਨ ਕਰਨ ਵਾਲੇ ਹਨ। ਲੇਖਕ ਨੇ ਖ਼ੁਦ ਜਿਹੜੇ ਅਨੁਭਵ ਹੰਢਾਏ, ਉਨ੍ਹਾਂ ਨਾਲ ਪੰਜਾਬੀ ਪਾਠਕਾਂ ਦੀ ਸਾਂਝ ਪੁਆਉਣੀ ਚਾਹੀ ਹੈ। ਉਹ ਕਿੰਨਾ 'ਕੁ ਸਫਲ ਹੋ ਸਕਿਆ ਹੈ, ਇਸ ਦਾ ਨਿਸਤਾਰਾ ਤਾਂ ਪੰਜਾਬੀ ਪਾਠਕ ਕਰਨਗੇ, ਉਸ ਦਾ ਯਤਨ ਯਕੀਨਨ ਭਰੋਸੇਯੋਗ ਹੈ।

ਕੁੱਝ ਸਾਲ ਪਹਿਲਾਂ ਪ੍ਰੀਖਕ, ਪੀਐਚ.ਡੀ. ਖੋਜਾਰਥੀ ਦੇ ਥੀਸਿਸ ਦਾ ਮੌਖਿਕ ਟੈੱਸਟ ਲੈਣ ਲਈ ਆਇਆ। ਖੋਜਾਰਥੀ ਨੂੰ ਪਹਿਲਾ ਸਵਾਲ ਪੁੱਛਿਆ, "ਖੋਜ ਕਾਰਜ ਬਾਰੇ ਗੱਲਾਂ ਬਾਦ ਵਿਚ ਕਰਾਂਗੇ, ਪਹਿਲਾਂ ਇਹ ਦੱਸੋ ਇਸ ਵਿਚ ਕੁਝ ਨਵਾਂ ਵੀ ਹੈ ਕਿ ਪਹਿਲੋਂ ਮੌਜੂਦ ਖੋਜ ਸਮੁੰਦਰ ਵਿਚ ਇੱਕ ਹੋਰ ਕਤਰਾ ਸ਼ਾਮਲ ਹੋ ਗਿਆ ਹੈ।"

ਖੋਜਾਰਥੀ ਨੇ ਕਿਹਾ, "ਸਰ ਹੈ ਤਾਂ ਯਕੀਨਨ ਖੋਜ ਸਾਗਰ ਵਿਚ ਇਹ ਇੱਕ ਹੋਰ ਕਤਰਾ ਹੈ, ਪਰ ਯਕੀਨ ਕਰੋ ਇਹ ਕਤਰਾ ਪਾਕਿ ਸਾਫ਼ ਹੈ, ਮੈਲਾ ਨਹੀਂ।"